# NZIER ਪਹਿਲੀ ਲਾਈਸੈਂਸ ਇਮੀਗ੍ਰੇਸ਼ਨ ਐਡਵਾਈਜ਼ਰ ਅਰੁਨੀਮਾ

**ਆਕਲੈਂਡ** - ਅਸੀਂ ਪਾਠਕਾਂ ਦੀ ਮੁਲਾਕਾਤ ਨਿਊਜ਼ੀਲੈਂਡ ਐਜੂਕੇਸ਼ਨ ਰਿਪ੍ਰੇਜ਼ੈਂਟੇਟਿਵ ਐਸੋਸੀਏਸ਼ਨ ਦੀ ਮੈਂਬਰ ਅਰੁਨੀਮਾ ਨਾਲ ਕਰਾਉਣ ਜਾ ਰਹੇ ਹਾਂ ਜੋ ਪਹਿਲੀ ਲਾਈਸੈਂਸ ਇਮੀਗ੍ਰੇਸ਼ਨ ਐਡਵਾਈਜ਼ਰ ਹੈ। ਉਨ੍ਹਾਂ ਨਾਲ ਕੀਤੀ ਇਕ ਮੁਲਾਕਾਤ ਦਾ ਕੁਝ ਵੇਰਵਾ



***ਪ੍ਰ. NZIER ਕੀ ਹੈ?***

**ਉ.** NZIER ਐਸੋਸੀਏਸ਼ਨ ਟ੍ਰੇਡ ਅਤੇ ਐਂਟਰਪ੍ਰਾਈਜ਼ਿਸ ਅਤੇ ਇਮੀਗ੍ਰੇਸ਼ਨ ਆਫ ਨਿਊਜ਼ੀਲੈਂਡ ਅਤੇ ਐਜੂਕੇਸ਼ਨ ਆਫ ਨਿਊਜ਼ੀਲੈਂਡ ਤਿੰਨ ਵੱਡੀਆਂ ਸਰਕਾਰੀ ਸੰਸਥਾਵਾਂ ਨੇ NZIER ਗਰੁੱਪ ਬਣਾਇਆ ਹੈ। ਇਸ ਪੂਰੇ ਗਰੁੱਪ ਵਿਚ 21 ਐਜੂਕੇਸ਼ਨ ਕੰਸਲਟੈਂਟ ਹਨ। ਇਹ ਕੰਸਲਟੈਂਟ ਪੜ੍ਹਾਈ ਨੂੰ ਪ੍ਰਮੋਟ ਕਰਦੇ ਹਨ।

***ਪ੍ਰ. ਤੁਸੀਂ ਦੂਜੇ ਇਮੀਗ੍ਰੇਸ਼ਨ ਐਡਵਾਈਜ਼ਰਾਂ ਨਾਲੋਂ ਕਿਵੇਂ ਅੱਡ ਹੋ?***

**ਉ.** ਅਸੀਂ ਸਿਰਫ ਇਸ ਤਰ੍ਹਾਂ ਦੇ ਕੰਸਲਟੈਂਟ ਹਾਂ ਜੋ NZIER ਦੇ ਮੈਂਬਰ ਅਤੇ ਲਾਈਸੈਂਸਡ ਹਾਂ ਜੋ ਐਜੂਕੇਸ਼ਨ ਕੰਸਲਟੈਂਟ ਅਤੇ ਇਮੀਗ੍ਰੇਸ਼ਨ ਦੀ ਸਲਾਹ ਦਿੰਦੇ ਹਾਂ। ਮਤਲਬ ਇਹ ਹੈ ਕਿ ਅਸੀਂ ਇਕ ਹੀ ਛੱਤ ਦੇ ਹੇਠਾਂ ਨਿਊਜ਼ੀਲੈਂਡ ਇਮੀਗ੍ਰੇਸ਼ਨ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

***ਪ੍ਰ. NZIER ਦੇ ਬਾਰੇ ਹੋਰ ਕੁਝ ਜਾਣਕਾਰੀ ਦਿਓ?***

**ਉ.** ਉਹ ਪਹਿਲੇ ਕੰਸਲਟੈਂਟ ਹਨ ਜਿਨ੍ਹਾਂ ਨੂੰ ਇਮੀਗ੍ਰੇਸ਼ਨ ਐਡਵਾਈਜ਼ਰ ਦਾ ਲਾਈਸੈਂਸ ਪ੍ਰਾਪਤ ਹੋਇਆ ਹੈ। ਅਸੀਂ ਹੁਣ ਭਾਰਤ ਦੇ ਬਾਕੀ ਸ਼ਹਿਰਾਂ ਨਾਲ ਹਰਿਆਣਾ ਸਰਕਾਰ ਦੇ ਓਵਰਸੀਜ਼ ਪਲੇਸਮੈਂਟ ਬਿਊਰੋ ਦੇ ਪਹਿਲੇ ਨਿਊਜ਼ੀਲੈਂਡ ਨੁਮਾਇੰਦੇ ਹਾਂ। ਤੁਸੀਂ ਮੇਰੇ ਨਾਲ ਕਦੇ ਵੀ ਸਲਾਹ ਲਈ ਗੱਲ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਮੈਨੂੰ 021 257 5250 ਤੇ ਸੰਪਰਕ ਕਰੋ ਜਾਂ info@aimsglobaleducation.com ਤੇ ਮੇਲ ਕਰੋ।

ਸਫ਼ਾ 1 ਦੀ ਬਾਕੀ

## ਨਿਊਜ਼ੀਲੈਂਡ ਪੰਜਾਬੀ ਕਲਚਰ ਐਸੋਸੀਏਸ਼ਨ...

ਦੇ ਮੁੱਖ ਮਹਿਮਾਨ ਨੈਸ਼ਨਲ ਐਮ. ਪੀ ਪੌਲ ਹੈਚਕਿਨਸਨ ਅਤੇ ਲੇਬਰ ਪਾਰਟੀ ਦੇ ਐਮਪੀ ਰੋਸ ਰੋਬਰਟਸਨ ਆਪਣੇ ਪਤਨੀ ਸਮੇਤ ਪਹੁੰਚੇ। ਨਿਊਜ਼ੀਲੈਂਡ ਸੈਂਟਰਲ ਇੰਡੀਅਨ ਐਸੋਸੀਏਸ਼ਨ ਦੇ ਸੈਕਟਰੀ ਵੀਰ ਖਾਰ ਨੇ ਵੀ ਇਸ ਮੌਕੇ ਆਪਣੇ ਵਿਚਾਰ ਦਰਸ਼ਕਾਂ ਨਾਲ ਸਾਂਝੇ ਕੀਤੇ। ਕਲਚਰਲ ਪ੍ਰੋਗਰਾਮਾਂ ਤਹਿਤ ਪੰਜਾਬੀ ਭਵਨ ਦੇ ਬੱਚੇ, ਨੌਜਵਾਨ ਦਾ ਪੰਜਾਬ ਗਰੁੱਪ, ਵਿਰਸਾ ਅਕਾਦਮੀ, ਸ਼ੇਰੇ ਪੰਜਾਬ ਗਰੁੱਪ, ਪੁਕੀਕੁਈ ਗਰਲਸ ਗਰੁੱਪ ਤੋਂ ਇਲਾਵਾ ਮੈਜਿਕ ਸ਼ੋਅ ਦਾ ਵੀ ਆਯੋਜਨ ਸੀ। ਇਥੇ ਸ੍ਰੀਮਤੀ ਮੇਰ ਗਿੱਲ ਦੁਆਰਾ ਪੰਜਾਬੀ ਪ੍ਰਸ਼ਨ ਉੱਤਰੀ ਵੀ ਰੱਖੀ ਗਈ ਜਿਸ ਵਿਚ ਦਰਸ਼ਕਾਂ ਨੇ ਕਾਫੀ ਰੋਚਕਤਾ ਦਿਖਾਈ। ਇਸ ਪ੍ਰੋਗਰਾਮ ਵਿਚ ਖਾਣ ਪੀਣ ਦਾ ਪੂਰਾ ਇੰਤਜ਼ਾਮ ਸੀ ਅਤੇ ਬੱਚਿਆਂ ਨੂੰ ਸਰਟੀਫਿਕੇਟਾਂ ਨਾਲ ਨਿਵਾਜਿਆ ਗਿਆ। ਪ੍ਰੋਗਰਾਮ ਦੌਰਾਨ ਥੋੜੇ ਥੋੜੇ ਸਮੇਂ ਬਾਅਦ ਦਰਸ਼ਕਾਂ ਦੇ ਪਾਸਾਂ ਤੇ ਇਨਾਮ ਕੱਢੇ ਗਏ। ਜਿਨ੍ਹਾਂ ਨੂੰ ਏ. ਐਸ. ਬੀ ਦੇ ਦੇਵ ਚੀਮਾ ਵੱਲੋਂ ਇਨਾਮ ਵਜੋਂ ਦਿੱਤੇ ਗਏ। ਇਸ ਸਫਲ ਪ੍ਰੋਗਰਾਮ ਵਿਚ ਦਰਸ਼ਕਾਂ ਨੇ ਬੜੀ ਗਰਮਜੋਸ਼ੀ ਨਾਲ ਭਾਗ ਲਿਆ ਅਤੇ ਵਿਰਸੇ ਦੀ ਸੰਭਾਲ ਲਈ ਪੰਜਾਬੀ ਭਵਨ ਦੀ ਸ਼ਲਾਘਾ ਵੀ ਕੀਤੀ। ਕੂਕ ਪੰਜਾਬੀ ਸਮਾਚਾਰ ਨਾਲ ਗੱਲ ਕਰਦਿਆਂ ... ਨੇ ਕਿਹਾ ਕਿ ਉਹ

## ਪੰਜਾਬ 'ਚ 7 ਮਈ ਨੂੰ ਬਠਿੰਡਾ, ਪਟਿਆਲਾ, ਸੰਗਰੂਰ ਤੇ ਫ਼ਿਰੋਜ਼ਪੁਰ 'ਚ ਵੋਟਾਂ

**ਚੰਡੀਗੜ੍ਹ** - 7 ਮਈ ਦਿਨ ਵੀਰਵਾਰ ਨੂੰ ਪੰਜਾਬ ਦੇ 4 ਲੋਕ ਸਭਾ ਹਲਕਿਆਂ ਬਠਿੰਡਾ, ਪਟਿਆਲਾ, ਸੰਗਰੂਰ ਅਤੇ ਫਿਰੋਜ਼ਪੁਰ ਲਈ ਵੋਟਾਂ ਪੈਣਗੀਆਂ। ਇਨ੍ਹਾਂ ਚਾਰਾਂ ਹਲਕਿਆਂ 'ਚ ਕੁੱਲ 79 ਉਮੀਦਵਾਰਾਂ ਚੋਣ ਮੈਦਾਨ ਵਿਚ ਹਨ। ਇਨ੍ਹਾਂ ਹਲਕਿਆਂ 'ਚ ਬਠਿੰਡੇ ਅਤੇ ਪਟਿਆਲੇ ਅਤਿ ਸੰਵੇਦਨਸ਼ੀਲ ਹਨ ਕਿਉਂਕਿ ਇਕ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਤੇ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਦੀ ਕਿਸਮਤ ਦਾਅ 'ਤੇ ਲੱਗੀ ਹੋਈ ਹੈ। ਬਾਕੀ ਸੰਸਦੀ ਹਲਕਿਆਂ ਦੀਆਂ ਵੋਟਾਂ 13 ਮਈ ਨੂੰ ਪੈਣਗੀਆਂ ਅਤੇ ਦੇਸ਼ ਦੇ ਸਾਰੇ ਸੰਸਦੀ ਹਲਕਿਆਂ ਦੀਆਂ ਵੋਟਾਂ ਦੀ ਗਿਣਤੀ 16 ਮਈ ਨੂੰ ਸਵੇਰੇ ਸ਼ੁਰੂ ਹੋਵੇਗੀ ਅਤੇ ਉਸੇ ਦਿਨ ਸਾਰੇ ਨਤੀਜੇ ਮਿਲ ਜਾਣ ਦੀ ਆਸ ਹੈ।



ਭਤੀਜ - ਚਾਚਾ, ਇਹ ਮੂੰਹ 'ਤੇ ਕੀ ਫਿੱਕੂ ਜਿਹਾ ਲਾਈ ਫਿਰਦਾ

ਚਾਚਾ - ਭਤੀਜ, ਤੈਨੂੰ ਨਹੀਂ ਪਤਾ? ਸੂਰ ਤੋਂ ਬਿਮਾਰੀ ਫੈਲੀ ਆ

ਭਤੀਜ - ਸੁਣਿਆ, ਤਾਂ ਹੈ